# ਸ਼੍ਰੇਣੀ ਨੌਵੀਂ

## ਸਾਲ-2023-24

## ਸੰਗੀਤ (ਗਾਇਨ)

## ਪਾਠਕ੍ਰਮ ਲਿਖਤੀ

### ਭਾਗ-ੳ

ਹੇਠ ਲਿਖੀਆਂ ਦੀਆਂ ਪਰਿਭਾਸ਼ਾਵਾਂ

1. ਸੰਗੀਤ, ਆਰੋਹ, ਅਵਰੋਹ, ਪਕੜ, ਜਾਤੀ, ਵਾਦੀ, ਸਮਵਾਦੀ, ਅਨੁਵਾਦੀ, ਵਰਜਿਤ, ਵਿਵਾਦੀ, ਸਵਰ, ਜਨਯਰਾਗ, ਆਸ਼ਰਯ ਰਾਗ ਲੈਅ;
2. ਸ੍ਵਰ, ਸ਼ੁਧ ਸ੍ਵਰ, ਕੋਮਲ ਸ੍ਵਰ, ਤੀਵਰ ਸ੍ਵਰ;
3. ਤਾਲ, ਮਾਤਰਾ ਵਿਭਾਗ, ਸਮ, ਤਾਲੀ, ਖਾਲੀ, ਆਵਰਤਨ;
4. ਅਲਾਪ-ਆਧੁਨਿਕ ਅਲਾਪ ਗਾਇਨ ਦੀ ਵਿਧੀ;
5. ਤਾਨ-ਤਾਨ ਦੀਆਂ ਕਿਸਮਾਂ
6. ਸੰਗੀਤ ਦਾ ਸਾਜ਼-ਹਰਮੋਨਿਯਮ, ਇਤਿਹਾਸ ਅਤੇ ਅੰਗ ਵਰਣਨ;
7. ਭਾਰਤੀ ਸੰਗੀਤ ਵਿੱਚ ਵਾਦਾਂ ਦਾ ਮਹੱਤਵ;
8. ਜੀਵਨੀ ਉਸਤਾਦ ਬੜੇ ਗੁਲਾਮ ਅਲੀ ਖਾਂ;
9. ਰਾਗ, ਰਾਗ ਦੇ ਨਿਯਮ ਅਤੇ ਇਸ ਦੀਆਂ ਜਾਤੀਆਂ ਅਤੇ ਉਪਜਾਤੀਆਂ;
10. ਆਧੁਨਿਕ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ) ਕਾਲ ਵਿੱਚ ਪੰਡਿਤ ਵਿਸਨੂੰ ਨਰਾਇਣ ਭਾਤਖੰਡੇ ਜੀ ਦੀ ਸੰਗੀਤ ਪ੍ਰਤੀ ਦੇਣ;

### ਭਾਗ-ਅ

1. ਪਾਠਕ੍ਰਮ ਤੇ ਰਾਗ ਭੇਰਵੀ, ਕਾਫ਼ੀ, ਬਿਲਾਵਲ ਦੀ ਜਾਣ-ਪਛਾਣ ਆਰੋਹ-ਅਵਰੋਹ ਪਕੜ ਅਤੇ ਸ੍ਵਰ ਲਿਪੀ ਸਹਿਤ;
2. ਪਾਠਕ੍ਰਮ ਦੀਆਂ ਤਾਲਾਂ-ਤਿੰਨ ਤਾਲ, ਝਪਤਾਲ, ਕਹਿਰਵਾ ਅਤੇ ਦਾਦਰਾ ਤਾਲ ਦੀ ਜਾਣ-ਪਛਾਣ ਤੇ ਤਾਲ ਲਿਪੀ;

## **ਪ੍ਰਸ਼ਨ ਪੱਤਰ ਦੀ ਰੂਪਰੇਖਾ (ਪ੍ਰਯੋਗੀ)**

**ਨੋਟ ;ਪ੍ਰਯੋਗੀ ਪ੍ਰੀਖਿਆ ਦੀ ਇੱਕ ਟੋਲੀ ਵਿੱਚ 9 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ। ਪ੍ਰਸ਼ਨ-ਪੱਤਰ ਮੌਕੇ ਤੇ ਤਿਆਰ ਕੀਤਾ ਜਾਵੇਗਾ। ਪ੍ਰਯੋਗੀ ਪ੍ਰੀਖਿਆ ਦਾ ਪ੍ਰਸ਼ਨ ਪੱਤਰ ਤਿਆਰ ਕਰਨ ਸਮੇਂ ਲਿਖਤੀ ਪੇਪਰ ਦੇ ਪਾਠਕ੍ਰਮ ਦਾ ਧਿਆਨ ਰੱਖਣ ਦੇ ਨਾਲ ਨਾਲ ਹੇਠ ਲਿਖੀਆਂ ਹਿਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।**

1. ਪਾਠਕ੍ਰਮ ਦੇ ਰਾਗਾਂ ਵਿੱਚੋਂ ਵਿਦਿਆਰਥੀ ਦੀ ਚੋਣ ਵਾਲੇ ਕਿਸੇ ਇੱਕ ਰਾਗ ਵਿੱਚ ਵੱਡਾ ਖਿਆਲ ਜਾਂ ਛੋਟੇ ਖਿਆਲ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।
2. ਪਾਠ-ਕ੍ਰਮ ਦੇ ਰਾਗਾਂ ਵਿੱਚੋਂ ਪ੍ਰੀਖਿਅਕਾਂ ਦੀ ਚੋਣ ਵਾਲੇ ਕਿਸੇ ਇੱਕ ਵਿੱਚ ਵੱਡਾ ਖਿਆਲ ਜਾਂ ਛੋਟੇ ਖਿਆਲ ਨੂੰ ਅਲਾਪ, ਤਾਨਾ ਸਮੇਤ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।
3. ਪਾਠਕ੍ਰਮ ਦੀਆਂ ਤਾਲਾਂ ਵਿੱਚੋਂ ਕਿਸੇ ਇੱਕ ਤਾਲ ਦੇ ਬੋਲਾਂ ਨੂੰ ਹੱਥ ਨਾਲ ਤਾਲੀ ਦੇ ਕੇ ਉਚਾਰਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।
4. ਦਿੱਤੀਆਂ ਸੁਰਸੰਗਤੀਆਂ ਤੋਂ ਪਾਠ-ਕ੍ਰਮ ਦੇ ਰਾਗਾਂ ਦੀ ਜਾਣ-ਪਛਾਣ ਕਰਨੀ। ਇਸ ਲਈ ਸਮਾਂ 4 ਮਿੰਟ ਹੋਣਗੇ।
5. ਉਪਰੋਕਤ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਵਿੱਚ ਭਜਨ, ਸ਼ਬਦ, ਲੋਕ ਗੀਤ ਦਾ ਗਾਇਨ ਕਰਨਾ। ਇਸ ਲਈ ਸਮਾਂ 4 ਮਿੰਟ ਹੋਣਗੇ।

ਕਿਰਿਆਤਮਕ (ਪਾਠ-ਕ੍ਰਮ)

1. ਪਾਠਕ੍ਰਮ ਦੇ ਰਾਗ ਭੈਰਵੀ, ਕਾਫੀ, ਬਿਲਾਵਲ ਥਾਟਾਂ ਦੇ ਪੰਜ-ਪੰਜ ਅੰਲਕਾਰ;
2. ਰਾਗ ਭੈਰਵੀ, ਕਾਫੀ ਅਤੇ ਬਿਲਾਵਲ ਵਿੱਚ ਛੋਟਾ ਖਿਆਲ, ਆਲਾਪ ਆਰੋਹ ਅਵਰੋਹ ਪਕੜ ਅਤੇ ਦੋ ਤਾਨਾਂ ਸਹਿਤ;
3. ਪਾਠਕ੍ਰਮ ਦੇ ਰਾਗਾਂ ਦੀ ਜਾਣ-ਪਛਾਣ;
4. ਤਿੰਨ ਤਾਲ, ਝਪਤਾਲ, ਕਹਿਰਵਾ ਅਤੇ ਦਾਦਰਾ ਤਾਲਾਂ ਨੂੰ ਠਾਹ ਦੁਗੁਣ ਲੈਅ ਵਿੱਚ ਹੱਥ ਨਾਲ ਤਾਲੀ ਦੇ ਕੇ ਉਚਾਰਣ ਕਰਨਾ;
5. ਕਿਸੀ ਵੀ ਰਾਗ ਵਿੱਚ ਸ਼ਬਦ/ਭਜਨ/ਲੋਕ ਗੀਤ/ਦੇਸ਼ ਭਗਤੀ ਦੇ ਗੀਤ ਦਾ ਗਾਇਨ ਕਰਨਾ;

**ਪਾਠ-ਪੁਸਤਕਾਂ**

1. ਗਾਇਨ (ਪੰਜਾਬੀ) ਮੈ੍ਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਪ੍ਰਕਾਸ਼ਿਤ।

2. ਗਾਇਨ (ਹਿੰਦੀ) ਮੈ੍ਟ੍ਰਿਕ ਸ਼੍ਰੇਣੀ ਲਈ, ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਪ੍ਰਕਾਸ਼ਿਤ।